# ਇੱਕ ਅਧਿਆਪਕ ਪੜ੍ਹਾਉਣਾ ਨਹੀ ਚਾਹੁੰਦਾ।

**ਪ੍ਰਾਥਨਾ**:- ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਬੱਚਿਆਂ ਨੂੰ ਸਮਝ ਲੈਣ ਦੀ ਮੱਦਦ ਕਰੋ ਕਿ ਪਰਮੇਸ਼ਵਰ ਦਾ ਪਿਆਰ ਸਾਡੇ ਧਰਤੀ ਦੇ ਲੋਕਾਂ ਵਾਸਤੇ, ਇੱਥੋ ਤੱਕ ਕਿ ਬੁਰੇ ਲੋਕਾਂ ਲਈ ਵੀ, ਅਤੇ ਕਿਉਂ ਉਹ ਸੇਵਕਾਂ ਨੂੰ ਭੇਜਦਾ ਹੈ, ਕਿ ਉਨ੍ਹਾਂ ਨੂੰ ਬਦਲਣ ਵਿੱਚ ਮੱਦਦ ਕਰਨ।

ਇਨ੍ਹਾਂ ਸਿੱਖਣ ਵਾਲੀਆ ਗਤੀਵਿਧੀਆਂ ਵਿੱਚੋ ਕਿਸੇ ਨੂੰ ਵੀ ਚੁਣੋ, ਜਿਹੜੀਆਂ ਬੱਚਿਆਂ ਦੀ ਉਮਰ ਅਤੇ ਜਰੂਰਤ ਨੂੰ ਪੂਰਾ ਕਰਦੀਆਂ ਹਨ।

ਇੱਕ ਵੱਡਾ ਬੱਚਾ ਜਾਂ ਅਧਿਆਪਕ ਪੜ੍ਹੇ ਜਾਂ ਯੂਨਾਹ ਦੀ ਕਹਾਣੀ ਯਾਦ ਕਰਕੇ ਸੁਣਾਏ, 1 ਬਾਪ, 2 ਬਾਪ ਆਇਤਾਂ 1 ਅਤੇ 10 ਵਿੱਚੋ ਅਤੇ ਬਾਪ 3 ਵਿੱਚੋ।

ਸਮਝਾਉ, ਪਰਮੇਸ਼ਵਰ ਨੇ ਯੂਨਾਹ ਨੂੰ ਇੱਕ ਅਧਿਆਪਕ ਦੇ ਵਾਂਗ ਦੂਜੇ ਦੇਸ਼ ਵਿੱਚ ਭੇਜਿਆ ਕਿ ਬੁਰੇ ਲੋਕਾਂ ਨੂੰ ਬਦਲਣ ਲਈ ਤਿਆਰ ਕਰ ਸਕੇ! ਪਰਮੇਸ਼ਵਰ ਉਨ੍ਹਾਂ ਲੋਕਾਂ ਨੂੰ ਪਿਆਰ ਕਰਦਾ ਹੈ, ਜਿੰਨ੍ਹਾਂ ਨੂੰ ਇੱਕ ਅਧਿਆਪਕ ਪਸੰਦ ਨਹੀ ਕਰਦਾ।

ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ *(ਹਰੇਕ ਪ੍ਰਸ਼ਨ ਦਾ ਬਾਦ ਉੱਤਰ ਹੈ)*

- ਪਰਮੇਸ਼ਵਰ ਨੇ ਤੂਫਾਨ ਕਿਉਂ ਭੇਜਿਆ? *(ਦੇਖੋ ਯੂਨਾਹ 1:3-4)*
- ਯੂਨਾਹ ਨੇ ਮਲਾਹਾਂ ਨੂੰ ਤੂਫਾਨ ਬਾਰੇ ਕਰਨ ਲਈ ਕੀ ਦੱਸਿਆ? *(ਯੂਨਾਹ 1:12)*



- ਯੂਨਾਹ ਸਮੁੰਦਰ ਵਿੱਚ ਨਹੀ ਡਿੱਗਿਆ, ਜਦੋਂ ਮਲਾਹਾਂ ਨੇ ਉਸ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਸੀ? *(ਯੂਨਾਹ 1:17)*
- ਨੀਨਵਾਹ ਦੇ ਰਾਜਾ ਨੇ ਕੀ ਕੀਤਾ, ਜਦੋਂ ਉਸ ਨੇ ਯੂਨਾਹਾਂ ਦਾ ਸੁਨੇਹਾ ਸੁਣਿਆ? *(ਯਹੁੰਨਾ 3:6-8 ਉਸ ਨੇ ਪਛਤਾਵਾ ਕੀਤਾ ਅਤੇ ਆਪਣੇ ਲੋਕਾਂ ਨੂੰ ਪਛਤਾਵਾ ਕਰਨ ਲਈ ਕਿਹਾ)*

ਸਮਝਾਉ, ਉਸ ਪਛਤਾਵਾ ਕਰਨ ਦਾ ਕੀ ਮਤਲਬ ਹੈ, ਪਾਪਾਂ ਵੱਲੋਂ ਮੁੜ ਜਾਣ ਅਤੇ ਪਰਮੇਸ਼ਵਰ ਦੇ ਹੁੱਕਮਾ ਨੂੰ ਮੰਨਣਾ ਉਹਦੀ ਪਵਿੱਤਰ ਆਤਮਾ ਸਾਡੀ ਇਹ ਕਰਨ ਵਿੱਚ ਮੱਦਦ ਕਰਦੀ ਹੈ।

- ਪਰਮੇਸ਼ਵਰ ਨੇ ਕੀ ਕੀਤਾ, ਜਦੋ ਨੀਨਵਾਹ ਦੇ ਲੋਕਾਂ ਨੇ ਪਛਤਾਵਾ ਕੀਤਾ? (ਯੂਨਾਹ 3:10)

ਯਹੁੰਨਾ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ, ਅਰਾਧਨਾ ਦੇ ਆਗੂਵੇ ਨਾਲ ਬੱਚਿਆਂ ਨੂੰ ਇਹ ਛੋਟਾ ਨਾਟਕ ਪੇਸ਼ ਕਰਨ ਦੀ ਤਿਆਰੀ ਕਰੋ। ਆਪਣੇ ਸਮੇਂ ਨੂੰ, ਬੱਚਿਆਂ ਨੂੰ ਨਾਟਕ ਦੀ ਤਿਆਰੀ ਕਰਾਉਣ ਵਿੱਚ ਲਗਾਉ। ਵੱਡੇ ਬੱਚੇ ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਨ।

- ਜੇ ਸਾਰੇ ਹਿੱਸੇ ਕਰਨ ਲਈ ਬੱਚੇ ਪੂਰੇ ਨਹੀ ਹਨ ਤਾਂ ਵਾਚਕ ਉਹ ਹਿੱਸੇ ਬਾਰੇ ਦੱਸ ਸਕਦਾ ਹੈ, ਅਤੇ ਇਹ ਪੜ੍ਹ ਸਕਦਾ ਹੈ।
- ਵੱਡੇ ਬੱਚੇ ਜਾਂ ਬਾਲਿਗਾਂ ਇੰਨ੍ਹਾਂ ਹਿੱਸਿਆਂ ਨੂੰ ਕਰਨ ਪਰਮੇਸ਼ਵਰ ਦੀ ਅਵਾਜ, ਯੂਨਾਹ ਅਤੇ ਵਾਚਕ।
- ਛੋਟੇ ਬੱਚੇ, ਮਲਾਹਾਂ, ਵੇਲ ਮੱਛੀ ਅਤੇ ਨੀਨਵਾਹ ਦੇ ਰਾਜੇ ਦੀ ਤਸਵੀਰ ਬਣਾਉ।

**ਵਾਚਕ** - ਯੂਨਾਹ ਵਿੱਚ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੇ, ''ਫਿਰ ਆਖੇ, ''ਸੁਣੋ ਪਰਮੇਸ਼ਵਰ ਕੀ ਕਹਿੰਦਾ ਹੈ।?''

**ਪਰਮੇਸ਼ਵਰ ਦੀ ਅਵਾਜ** :- ''ਯੂਨਾਹ! ਨੀਨਵਾਹ ਦੇ ਲੋਕਾਂ ਕੋਲ ਜਾ ਕੇ ਆਖੋ, ਕਿ ਉਹ ਬੁਰੀਆਂ ਚੀਜਾਂ ਨੂੰ ਕਰਨਾ ਬੰਦ ਕਰ ਦੇਣ।''

**ਯੂਨਾਹ**: ''ਮੈ ਉਨ੍ਹਾਂ ਲੋਕਾਂ ਨਾਲ ਨਫਰਤ ਕਰਦਾ ਹਾਂ। ਮੈ ਜਹਾਜ ਵਿੱਚ ਕਿਸੇ ਦੂਜੀ ਜਗ੍ਹਾ ਤੇ ਚਲਾ ਜਾਵਾਂਗਾ।''

**ਮਲਾਹ:** ਇਸ ਤਰ੍ਹਾਂ ਕਰਨ ਜਿਵੇਂ, ਤੁਸੀਂ ਜਹਾਜ ਉੱਤੇ ਹੋ, ਇਸ ਤਰ੍ਹਾਂ ਜੋਰ ਜੋਰ ਨਾਲ ਚੀਕਣ, ''ਇਹ ਤਾਂ ਬੜਾ ਬੁਰਾ ਤੂਫਾਨ ਹੈ।''

''ਇਸ ਹਵਾ ਨਾਲ ਬੇੜੀ ਡੁੱਬ ਹੀ ਜਾਵੇਗੀ।''

''ਇਹ ਲਹਿਰਾਂ ਸਾਨੂੰ ਹੇਠਾਂ ਲੈ ਜਾਣ ਗੀਆਂ।''

**ਯੂਨਾਹ:** ਇਸ ਤਰ੍ਹਾਂ ਦਾ ਦਿਖਾਵਾ ਕਰੇ, ਜਿਵੇਂ ਉਹ ਸੌ ਕੇ ਉੱਠ ਰਿਹਾ ਹੈ। ਜੋਰ ਨਾਲ ਆਖੇ, ''ਪਰਮੇਸ਼ਵਰ ਮੇਰੇ ਨਾਲ ਗੁੱਸੇ ਹੈ। ਮੈਨੂੰ ਸਮੁੰਦਰ ਵਿੱਚ ਸੁੱਟ ਦਿਉ। ਫਿਰ ਇਹ ਸਭ ਠੀਕ ਹੋ ਜਾਵੇਗਾ।''

**ਵੇਲ ਮੱਛੀ** : ਯੂਨਾਹ ਉੱਤਾਹ ਤੈਰਨ ਦਾ ਦਿਖਾਵਾ ਕਰੇ ਤੇ ਆਖੇ, ''ਇਹ ਮੂਰਖ ਜਿਹੀ ਦਿਖਣ ਵਾਲੀ ਮੱਛੀ ਹੈ, ਪਰ ਮੈ ਭੁੱਖੀ ਹਾਂ, ਇਸ ਕਰਕੇ ਮੈ ਇਸ ਨੂੰ ਖਾ ਲਵਾਂਗੀ।'' (ਉਹਨੂੰ ਨਿਗਲ ਜਾਣ ਦਾ ਦਿਖਾਵਾ ਕਰੇ)

ਆਖੇ, ''ਉਹ ! ਮੇਰੇ ਢਿੱਡ ਵਿੱਚ ਕਿਸ ਤਰ੍ਹਾਂ ਦੀ ਪੀੜ ਹੈ। ਮੈਂ ਇਹਨੂੰ ਉਲਟੀ ਕਰਕੇ ਬਾਹਰ ਕੱਢ ਦਿੰਦੀ ਹਾਂ।''

**ਵਾਚਕ:** (ਯੂਨਾਹ 2:1–10 ਅਤੇ 3 ਬਾਪ ਵਿੱਚ) ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ, ''ਫਿਰ ਆਖੇ, ''ਸੁਣੋ ਪਰਮੇਸ਼ਵਰ ਕੀ ਆਖਦਾ ਹੈ?''

**ਪਰਮੇਸ਼ਵਰ ਦੀ ਅਵਾਜ,** ''ਜੋਰ ਨਾਲ, ਯੂਨਾਹ ਨੂੰ, ਜਾ।''

**ਯੂਨਾਹ:** ਤੂੰ ਡਗਮਗਉਂਦਾ ਹੋਇਆ ਨੀਨਵਾਹ ਦੇ ਲੋਕਾਂ ਵੱਲ ਤੁਰੇਂ। ਗੁੱਸੇ ਨਾਲ ਬੋਲੇ, ''ਪਛਤਾਵਾ ਕਰੋ ਜਾਂ ਪਰਮੇਸ਼ਵਰ ਤੁਹਾਡੇ ਸ਼ਹਿਰ ਨੂੰ ਤਬਾਹ ਕਰ ਦੇਵੇਗਾ।''

**ਰਾਜਾ:**– ਆਪਣੇ ਲੀੜੇ ਉਤਾਰਨ ਦਾ ਦਿਖਾਵਾ ਕਰਦੇ ਹੋਏ ਧਰਤੀ ਉੱਤੇ ਬੈਠੇ ਅਤੇ ਆਖੇ, ''ਅਸੀਂ ਪਛਤਾਵਾ ਕਰਦੇ ਹਾਂ। ਅਸੀ ਸਾਰੇ ਹੀ।''

**ਪਰਮੇਸ਼ਵਰ ਦੀ ਅਵਾਜ:** ''ਮੈ ਖੁਸ਼ ਹਾਂ ਕਿ ਤੁਸੀ ਪਛਤਾਵਾ ਕੀਤਾ ਹੈ। ਮੈ ਤੁਹਾਨੂੰ ਪਿਆਰ ਕਰਦਾ ਹਾਂ। ਮੈ ਤੁਹਾਨੂੰ ਤਬਾਹ (ਨਾਸ਼) ਨਹੀ ਕਰਨਾ ਚਾਹੁੰਦਾ।''

ਵਾਚਕ ਜਾ ਵੱਡਾ ਬੱਚਾ : ਉਨ੍ਹਾਂ ਸਭਨਾ ਦਾ ਧੰਨਵਾਦ ਕਰੋ, ਜਿੰਨ੍ਹਾਂ ਨੇ ਨਾਟਕ ਵਿੱਚ ਮੱਦਦ ਕੀਤੀ।

**ਪ੍ਰਸ਼ਨ** :– ਜੇ ਇਹ ਨਾਟਕ ਬੱਚੇ ਬਾਲਿਗਾਂ ਲਈ ਤਿਆਰ ਕਰਨ ਤਾਂ ਉਹ ਬਾਲਿਗਾਂ ਕੋਲੋਂ ਉੱਪਰ ਸੂਚੀ ਵਿੱਚ ਦਿੱਤੇ ਗਏ ਪ੍ਰਸ਼ਨਾ ਨੂੰ ਪੁੱਛਣ। ਬੱਚੇ ਇੱਕ ਵੱਡੀ ਮੱਛੀ ਦੀ ਤਸਵੀਰ ਬਣਾਉਣ।



ਉਨ੍ਹਾਂ ਨੂੰ ਇਹ ਤਸਵੀਰ ਬਾਲਿਗਾਂ ਦੀ ਅਰਾਧਨਾ ਦੇ ਦੌਰਾਣ ਦਿਖਾਉਣ ਦਿਉ, ਅਤੇ ਸਮਝਾਉ ਕਿ ਇਹ ਸਾਨੂੰ ਦੱਸਦੀਆ ਹਨ ਕਿਵੇ ਪਰਮੇਸ਼ਵਰ ਦੂਜੀ ਧਰਤੀ ਦੇ ਲੋਕਾ ਨੂੰ ਪਿਆਰ ਕਰਦਾ ਹੈ। ਚਾਹੇ ਅਸੀਂ ਨਹੀ ਕਰਦੇ। ਉਹ ਸਾਨੂੰ ਉਨ੍ਹਾਂ ਕੋਲ ਗੱਲਾਂ ਕਰਨ ਲਈ ਘੱਲਦਾ ਹੈ ਅਤੇ ਉਨ੍ਹਾਂ ਨੂੰ ਪਛਤਾਵੇ ਲਈ ਦੱਸਣ ਲਈ ਅਤੇ ਯੀਸ਼ੂ ਵਿੱਚ ਵਿਸ਼ਵਾਸ ਕਰਨ ਲਈ।

ਬੱਚਿਆਂ ਨੂੰ ਆਖੋ ਕਿ ਉਹ ਦੂਸਰੇ ਬਾਲਗ ਲੋਕਾਂ ਦੀਆਂ, ਉਦਾਹਰਣ ਦੇਕੇ ਹਵਾਲੇ ਦੇਣ। ਉਹ ਜਿੰਨਾ ਨੇ ਪਛਤਾਵਾ ਕੀਤਾ ਅਤੇ ਪਰਮੇਸ਼ਵਰ ਵੱਲ ਮੁੜ ਗਏ। ਇਸ ਤੋਂ ਬਾਦ, ਜਦੋ, ਕੋਈ ਵੀ ਖਾਸ ਅਧਿਆਪਕ ਉਨ੍ਹਾਂ ਕੋਲ ਪਛਤਾਵੇ ਬਾਰੇ ਸਮਝਾਉਣ ਲਈ ਨਹੀ ਗਿਆ।

ਯਾਦ ਕਰੋ ਹਿਜ਼ਰੀਏਲ 14:6 ਇਸ ਲਈ ਤੂੰ ਇਸਰਾਏਲ ਦੇ ਘਰਾਣੇ ਨੂੰ ਆਖ, ''ਪ੍ਰਭੂ ਯਹੋਯਾਹ ਐਉ ਫਰਮਾਉਦਾ ਹੈ ਕਿ ਮੁੜੋ ਅਤੇ ਆਪਣੀਆਂ ਮੂਰਤੀਆਂ ਵੱਲੋਂ ਫਿਰੋ ਅਤੇ ਆਪਣੇ ਸਾਰੇ ਘਿਣਾਉਣੇ ਕੰਮਾਂ ਵੱਲੋ ਮੂੰਹ ਮੋੜੋ।

**ਕਵਿਤਾ:**– ਚਾਰ ਬੱਚਿਆਂ ਹਰੇਕ ਬੱਚਾ ਇੱਕ ਇੱਕ ਆਇਤ ਦੂਹਰਾਏ ਯੂਨਾਹ 2:2,3,5 ਅਤੇ 6।

ਮੈ ਆਪਣੀ ਔਖਿਆਈ ਵਿੱਚ ਯਹੋਵਾਹ ਨੂੰ ਪਕਾਰਿਆ ਅਤੇ ਉਹ ਨੇ ਮੈਨੂੰ ਉੱਤਰ ਦਿੱਤਾ।

ਮੈ ਪਤਾਲ ਦੇ ਪਿੱਡ ਵਿੱਚੋ ਦੁਹਾਈ ਦਿੱਤੀ,

ਤੂੰ ਮੇਰੀ ਅਵਾਜ ਸੁਣੀ,

ਤੇ ਮੈਨੂੰ ਡੂੰਘਾਣ ਵਿੱਚ ਸਮੁੰਦਰ ਦੀ ਤਹਿ ਵਿੱਚ ਸੁੱਟਿਆ ਅਤੇ ਹੜ੍ਹਾਂ ਨੇ ਮੈਨੂੰ ਘੇਰ ਲਿਆ,



**Sea Weed**

ਤੇਰੀਆਂ ਸਾਰੀਆਂ ਲਹਿਰਾਂ ਅਤੇ ਤਰੰਗ ਮੇਰੇ ਉੱਤੋਂ ਲੰਘ ਗਏ।

ਪਾਣੀਆਂ ਨੇ ਮੈਨੂੰ ਜਾਨ ਤਕ ਘੁੱਟ ਲਿਆ।
ਡੂੰਘਿਆਈ ਨੇ ਚੁਫੇਰਿਉਂ ਮੈਨੂੰ ਘੇਰ ਲਿਆ।

ਸਾਗਰੀ ਜਾਲ੍ਹਾ ਮੇਰੇ ਸਿਰ ਉੱਤੇ ਵਲ੍ਹੇਟਿਆ ਗਿਆ।

ਮੈ ਪਹਾੜਾਂ ਦੇ ਮੁੱਢਾਂ ਤੀਕ ਡੁੱਬ ਗਿਆ,

ਧਰਤੀ ਦੇ ਅਰਲਾਂ ਨੇ ਸਦਾ ਦੇ ਲਈ ਮੈਨੂੰ ਢੱਕ ਛੱਡਿਆ, ਪਰ ਯਹੋਵਾਹ ਮੇਰੇ ਪਰਮੇਸ਼ਵਰ ਨੇ ਮੇਰੀ ਜਾਨ ਨੂੰ ਕੋਹਰੇ ਵਿੱਚੋ ਉਤਾਹਾਂ ਲਿਆਂਦਾ।

ਵੱਡੇ ਬੱਚੇ ਇਸ ਕਵਿਤਾ ਜਾਂ ਗੀਤ ਦਾ ਪਛਤਾਵਾ ਕਰਨ ਅਤੇ ਪਰਮੇਸ਼ਵਰ ਦੀ ਮਾਫੀ ਨੂੰ ਲੈਣ ਬਾਰੇ ਲਿਖਣ।

**ਪ੍ਰਾਥਨਾ**:– ‘‘ਪਰਮੇਸ਼ਵਰ, ਤੁਸੀਂ ਧਰਤੀ ਦੇ ਸਾਰੇ ਲੋਕਾਂ ਨੂੰ ਪਿਆਰ ਕਰਦੇ ਹੋ। ਬਾਵਜੂਦ ਉਨ੍ਹਾਂ ਦੇ ਜਿਹੜੇ ਸਾਡੇ ਨਾਲ ਨਫਰਤ ਕਰਦ ਹਨ। ਉਨ੍ਹਾਂ ਨੂੰ ਭੇਜੋਂ ਕਿ ਉਹ ਯੀਸ਼ੂ ਦੇ ਬਾਰੇ ਉਨ੍ਹਾਂ ਨੂੰ ਦੱਸਣ। ਸਾਡੀ ਮੱਦਦ ਕਰ ਕਿ ਅਸੀ ਆਪਣੇ ਤੋਂ ਵੱਖ ਹੋਏ ਲੋਕਾਂ ਨੂੰ ਤੁਹਾਡਾ ਸੁਨੇਹਾ ਨੂੰ ਉਹਨਾ ਕੋਲ ਲੈ ਜਾ ਸਕੀਏ।

Copyright 2004 © by Paul-Timothy. May be freely copied. Download from www.Paul-Timothy.net